# ਬੱਚਿਆਂ ਲਈ ਬਾਈਬਲ

## ਉਪੱਸਥਿਤ

# ਯਿਰਮਿਯਾਹ, ਦੁੱਖਾਂ ਵਾਲਾ ਆਦਮੀ




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : Mary-Anne S.



ਕਹਾਣੀ 28 ਤ਼ 60

**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi

ਯਿਰਮਿਯਾਹ ਯਹੂਦਾ ਦੀ ਪਾਤਸ਼ਾਹੀ ਵਿੱਚ ਇੱਕ ਧਰਮੀ ਘਰ ਵਿੱਚ ਪੈਦਾ ਹੋਇਆ ਸੀ। ਉਸਦਾ ਪਿਤਾ, ਹਿਲਕੀਯਾਹ, ਇੱਕ ਯਾਜਕ ਸੀ। ਉਹ ਪਰਿਵਾਰ ਅਨਥੋਥ ਨਾ ਦੇ ਨਗਰ ਵਿੱਚ ਰਹਿੰਦਾ ਸੀ, ਜੋ ਯਰੂਸ਼ਲਮ ਤੋਂ ਦੂਰ ਨਹੀ ਸੀ। ਸ਼ਾਇਦ ਯਿਰਮਿਯਾਹ ਦੇ ਪਰਿਵਾਰ ਨੇ ਸੋਚਿਆ ਹੋਣਾ ਕੀ ਉਹ ਵੀ ਵੱਡਾ ਹੋ ਕੇ ਇੱਕ ਯਾਜਕ ਬਣੇਗਾ। ਪਰ ਪਰਮੇਸ਼ਵਰ ਦੀ ਹੋਰ ਯੋਜਨਾਂ ਸੀ।



1



ਯਿਰਮਿਯਾਹ ਦੇ ਜਨਮ ਦੇ ਵੇਲੇ, ਪਰਮੇਸ਼ਵਰ ਦੇ ਲੋਕ ਪਰਮੇਸ਼ਵਰ ਦੀ ਮਰਜ਼ੀ ਨਾਲ ਨਹੀਂ ਜ਼ੀਉਦੇ ਸਨ।

2



ਜਦ ਯਿਰਮਿਯਾਹ
ਇੱਕ ਜਵਾਨ ਮਨੁੱਖ
ਸੀ, ਪਰਮੇਸ਼ਵਰ ਉਸ
ਨਾਲ ਬੋਲਿਆ। "ਮੈਂ
ਤੈਨੂੰ ਜਨਮ ਤੋਂ ਪਹਿਲਾਂ
ਹੀ ਜਾਣਦਾ ਸੀ," ਪਰਮੇਸ਼ਵਰ ਨੇ ਯਿਰਮਿਯਾਹ ਨੂੰ ਆਖਿਆ,
"ਅਤੇ ਤਦ ਮੈਂ ਯੋਜਨਾ ਬਣਾਈ ਕੀ ਤੂੰ ਮੇਰੇ ਲਈ ਬੋਲੇਂਗਾ।"

3

ਪਰਮੇਸ਼ਵਰ ਦੀ ਬੁਲਾਹਟ ਨੇ ਯਿਰਮਿਯਾਹ ਨੂੰ ਡਰਾ ਦਿੱਤਾ। "ਕਿਵੇਂ, ਯਹੋਵਾ ਪਰਮੇਸ਼ਵਰ!" ਉਹ ਚਿਲਾਇਆ। "ਮੈਂ ਨਹੀ ਬੋਲ ਸਕਦਾ, ਕਿਉਂਕਿ ਮੈਂ ਬੱਚਾ ਹਾਂ।" ਉਹ ਬੱਚੇ ਨਾਲੋਂ ਵੱਧਕੇ ਸੀ – ਉਹ ਵੀਹ ਸਾਲ (20) ਦਾ ਸੀ। ਪਰ ਯਿਰਮਿਯਾਹ ਨੇ ਨਹੀ ਸੋਚਿਆ ਸੀ ਉਹ ਪਰਮੇਸ਼ਵਰ ਲਈ ਆਪਣੇ ਚਾਰੇ ਪਾਸੇ ਦੇ ਦੁਸ਼ਟ ਲੋਕਾ ਨੂੰ ਬੋਲੇਗਾ।



4

"ਨਾ ਡਰੀਂ," ਪਰਮੇਸ਼ਵਰ ਨੇ ਉਸਨੂੰ ਪੱਕਾ ਕੀਤਾ। "ਉੱਥੇ ਜਾਹ ਜਿੱਥੇ ਮੈਂ ਤੈਨੂੰ ਭੇਜਾਂਗਾ।



ਉਹ ਕਹਿਣਾ
ਜੋ ਮੈਂ ਤੈਨੂੰ ਕਹਿਣ
ਲਈ ਕਹਾਂ।

5

ਮੈਂ ਤੇਰੇ ਨਾਲ ਹਾਂ ਅਤੇ ਮੈਂ ਤੈਨੂੰ ਛੁਡਾਵਾਂਗਾ।" ਤਦ ਪਰਮੇਸ਼ਵਰ ਨੇ ਕੁਝ ਖਾਸ ਕੀਤਾ।



ਪਰਮੇਸ਼ਵਰ ਨੇ
ਯਿਰਮਿਯਾਹ ਦੇ
ਮੂੰਹ ਨੂੰ ਛੂਹਿਆ।

6

ਪਰਮੇਸ਼ਵਰ ਨੇ ਯਿਰਮਿਯਾਹ ਨੂੰ ਤਾਕਤ, ਹੌਂਸਲਾ ਅਤੇ ਬੁੱਧੀ ਦਿੱਤੀ। ਉਹ ਨਿਡਰ ਹੋ ਕੇ ਬੋਲਿਆ, ਲੋਕਾਂ ਨੂੰ ਯਾਦ ਕਰਵਾਇਆ ਕੀ ਪਰਮੇਸ਼ਵਰ ਤੁਹਾਨੂੰ ਪਿਆਰ ਕਰਦਾ ਹੈ ਅਤੇ ਤੁਹਾਡੀ ਸਹਾਇਤਾ ਕਰਨੀ ਚਾਹੁੰਦਾ ਹੈ। ਪਰ ਉਸਦੀ ਕਿਸੇ ਨੇ ਨਾਂ ਸੁਣੀ। ਇੱਥੋਂ ਤੱਕ ਬਾਦਸ਼ਾਹ ਨੇ ਵੀ ਨਹੀ।



7

ਇੱਥੋਂ ਤੱਕ ਯਾਜਕਾਂ ਨੂੰ ਗੁੱਸਾ ਆਇਆ ਅਤੇ ਉਸਨੂੰ ਆਖਿਆ ਪਰਮੇਸ਼ਵਰ ਦੇ ਬਾਰੇ ਬੋਲਣਾਂ ਬੰਦ ਕਰ ਦੇਵੇ। ਉੱਥੇ ਝੂਠੇ ਨਬੀ ਵੀ ਸਨ ਜਿਹਨਾਂ ਨੇ ਆਖਿਆ ਕੀ ਯਿਰਮਿਯਾਹ ਸੱਚ ਨਹੀਂ ਬੋਲ ਰਿਹਾ।



8


ਯਿਰਮਿਯਾਹ ਨੇ ਲੋਕਾਂ ਨੂੰ ਯਾਦ ਕਰਵਾਇਆ, ਸੌ ਸਾਲ ਪਹਿਲਾਂ ਦੇ ਬਾਰੇ, ਇਸਰਾਈਲ ਦੀ ਉੱਤਰੀ ਪਾਤਸ਼ਾਹੀ ਨੇ ਪਰਮੇਸ਼ਵਰ ਨੂੰ ਛੱਡ ਦਿੱਤਾ। ਉਹਨਾਂ ਦੇ ਅਸੀਰੀ ਦੁਸ਼ਮਣਾਂ ਨੇ ਉਹਨਾਂ ਨੂੰ ਬੰਦੀ ਬਣਾਇਆ ਅਤੇ ਸਾਰੇ ਇਸਰਾਈਲਆਂ ਨੂੰ ਦੂਰ ਦੇਸ਼ ਨੂੰ ਲੈ ਗਏ।
9
ਹੁਣ ਯਹੂਦਾ ਦੇ ਲੋਕ, ਦੱਖਣੀ ਪਾਤਸ਼ਾਹੀ ਨੇ ਪਰਮੇਸ਼ਵਰ ਨੂੰ ਛੱਡ ਦਿੱਤਾ। ਦੁਸ਼ਮਣ ਸੈਨਾ ਪਹਿਲਾਂ ਹੀ ਰਾਹ ਵਿੱਚ ਸੀ।
10
ਕੀ ਪਰਮੇਸ਼ਵਰ ਨੇ ਆਪਣੇ ਲੋਕਾਂ ਨੂੰ ਬੰਦੀ ਬਣਾਂ ਕੇ ਗੁਲਾਮੀ ਵਿੱਚ ਜਾਣ ਦੀ ਇਜਾਜਤ ਦਿੱਤੀ?
11
ਲੋਕਾਂ ਨੇ ਬੁੱਤਾਂ ਤੇ ਭਰੋਸਾ ਕੀਤਾ। ਕੀ ਬੁੱਤ ਉਹਨਾਂ ਦੇ ਦੁਸ਼ਮਣਾਂ ਤੋ ਉਹਨਾਂ ਨੂੰ ਬਚਾ ਸਕਦੇ ਸੀ? ਨਹੀ! ਸਿਰਫ਼ ਪਰਮੇਸ਼ਵਰ ਬਚਾ ਸਕਦਾ ਸੀ। ਲੋਕਾਂ ਨੂੰ ਯਿਰਮਿਯਾਹ ਤੇ ਬਹੁਤ ਗੁੱਸਾ ਆਇਆ, ਉਹਨਾਂ ਨੇ ਉਸਨੂੰ ਮਾਰਨ ਦੀ ਯੋਜਨਾ ਬਣਾਈ। ਪਰ ਪਰਮੇਸ਼ਵਰ ਨੇ ਆਪਣੇ ਦਾਸ ਨੂੰ ਬਚਾਇਆ।
12
ਅੰਤ ਵਿੱਚ ਪਰਮੇਸ਼ਵਰ ਨੇ ਕੁਝ ਆਖਿਆਂ ਜਿਸ ਨੇ ਯਿਰਮਿਯਾਹ ਨੂੰ ਸੱਚ ਮੁੱਚ ਹੈਰਾਨ ਕੀਤਾ ਹੋਵੇਗਾ। ਪਰਮੇਸ਼ਵਰ ਨੇ ਆਖਿਆ, “ਇਹਨਾਂ ਲੋਕਾਂ ਲਈ ਪ੍ਰਾਥਨਾਂ ਨਾ ਕਰ। ਜਦ ਉਹ ਮੈਨੂੰ ਮਦਦ ਲਈ ਪੁਕਾਰਣਗੇ ਮੈਂ ਉਹਨਾਂ ਦੀ ਨਹੀ ਸੁਣਾਗਾ।”
13
ਯਿਰਮਿਯਾਹ ਨੇ ਬਾਦਸ਼ਾਹ ਨੂੰ ਚੇਤਾਵਨੀ ਦਿੱਤੀ ਉਹ ਬੇਬੀਲੋਨ ਦੀ ਸੈਨਾਂ ਤੋਂ ਲੜਾਈ ਹਾਰ ਜਾਵੇਗਾ। ਬਾਦਸ਼ਾਹ ਨੂੰ ਗੁੱਸਾ ਆਇਆ ਅਤੇ ਯਿਰਮਿਯਾਹ ਨੂੰ ਜ਼ੇਲ ਵਿੱਚ ਸੁੱਟ ਦਿੱਤਾ। ਜ਼ੇਲ ਦੇ ਵਿੱਚ ਵੀ ਯਿਰਮਿਯਾਹ ਨੇ ਪਰਚਾਰ ਕਰਨਾ ਜਾਰੀ ਰੱਖਿਆ ਅਤੇ ਪਰਮੇਸ਼ਵਰ ਤੇ ਭਰੋਸਾ ਰੱਖਿਆ।
14













ਯਿਰਮਿਯਾਹ, ਦੁੱਖਾਂ ਵਾਲਾ ਆਦਮੀ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਯਿਰਮਿਯਾਹ

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜ਼ੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।